**Exam. Code : 106002**
**Subject Code : 1608**

## BOD 2nd Semester
## PUNJABI COMPULSORY
## Paper—X (i)

Time Allowed—Three Hours] [Maximum Marks—50

1. 'ਸਾਹਿਤ ਤੇ ਲੋਕ ਸਾਹਿਤ' ਨਿਬੰਧ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।

ਜਾਂ

'ਅਚੇਤਨ ਦਾ ਗੁਣ ਤੇ ਸੁਭਾਅ' ਲੇਖ ਦਾ ਵਿਸ਼ਾ-ਵਸਤੂ ਸਪਸ਼ਟ ਕਰੋ। 10

2. 'ਪਠਾਣ ਦੀ ਧੀ' ਕਹਾਣੀ ਦਾ ਵਿਸ਼ਾ-ਵਸਤੂ ਪ੍ਰਸਤੁਤ ਕਰੋ।

ਜਾਂ

'ਦਲਦਲ' ਕਹਾਣੀ ਦੇ ਮੁੱਖ ਪਾਤਰ ਦੀ ਪਾਤਰ ਉਸਾਰੀ ਕਰੋ। 10

3. ਪੜਨਾਂਵ ਨੂੰ ਪਰਿਭਾਸ਼ਤ ਕਰਦੇ ਹੋਏ ਇਸਦੀਆਂ ਕਿਸਮਾਂ ਦਾ ਉਲੇਖ ਕਰੋ।

ਜਾਂ

ਸ਼ਬਦ-ਰਚਨਾ ਦੀ ਪਰਿਭਾਸ਼ਾ ਦਿੰਦਿਆਂ ਹੋਇਆਂ ਇਸ ਦੇ ਮੁੱਢਲੇ ਸੰਕਲਪਾਂ ਦਾ ਵਰਣਨ ਕਰੋ। 10



http://www.gnduonline.com



4. ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਉੱਤੇ ਪੈਰ੍ਹਾ ਲਿਖੋ :

(ੳ) ਵਿਦੇਸ਼ ਜਾਣ ਦਾ ਰੁਝਾਨ

(ਅ) ਬੇਰੋਜ਼ਗਾਰੀ ਦੀ ਸਮੱਸਿਆ

(ੲ) ਮੇਲਾਂ ਦੀ ਮਹੱਤਤਾ। 5

5. ਹੇਠ ਲਿਖੇ ਪੈਰ੍ਹੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ :

ਪੰਜਾਬੀ ਸਾਹਿਤ ਦੇ ਖੇਤਰ ਵਿੱਚ ਅਨੇਕਾਂ ਹੀ ਸਾਹਿਤਕਾਰਾਂ ਨੇ ਆਪਣੀ ਮਹਿਕ ਦੇ ਰੰਗ-ਬਿਰੰਗੇ ਫੁੱਲ ਖਿੜਾਏ ਹਨ। ਹਰ ਇੱਕ ਦੀ ਰੰਗਤ ਤੇ ਸੁਗੰਧ ਵੱਖ-ਵੱਖਰੀ ਹੈ। ਮੈਂ ਵੀ ਇਸ ਫੁਲਵਾੜੀ ਵਿੱਚੋਂ ਇੱਕ ਫੁੱਲ ਚੁਣਿਆ ਹੈ। ਜਿਸ ਦੀ ਸੁਗੰਧ ਮੈਨੂੰ ਚੰਗੀ ਲਗਦੀ ਹੈ। ਇਸ ਸਾਹਿਤਕਾਰ ਦਾ ਨਾਂ ਗੁਰਬਖ਼ਸ਼ ਸਿੰਘ ਹੈ। ਇਹ ਆਧੁਨਿਕ ਸਮੇਂ ਦਾ ਪ੍ਰਸਿੱਧ ਲਿਖਾਰੀ ਹੈ। ਮੈਂ ਉਸ ਨੂੰ ਉਸ ਦੇ ਲੇਖਾਂ ਦੇ ਵੰਨ-ਸੁਵੰਨੇ ਵਿਸ਼ਿਆਂ ਦੇ ਨਿਭਾਉ, ਨਰੋਏ ਦ੍ਰਿਸ਼ਟੀਕੋਣ ਤੇ ਰਵਾਨੀ ਭਰੀ ਸ਼ੈਲੀ ਕਰਕੇ ਵਧੇਰੇ ਪਸੰਦ ਕਰਦਾ ਹਾਂ। ਹਰ ਪਾਠਕ ਦੀ ਪਸੰਦ ਆਪੋ-ਆਪਣੀ ਹੁੰਦੀ ਹੈ। ਉਹ ਸੁਲਝੇ ਹੋਏ ਵਿਚਾਰਾਂ ਵਾਲਾ ਸਾਹਿਤਕਾਰ ਤੇ ਇੱਕ ਨਿਪੁੰਨ ਸ਼ੈਲੀਕਾਰ ਸੀ। ਉਸ ਦੇ ਵੰਨ-ਸੁਵੰਨੇ ਲੇਖ ਜੀਵਨ, ਸਮਾਂ, ਕੀਮਤਾਂ ਬ੍ਰਹਿਮੰਡ, ਅੰਤਰਰਾਸ਼ਟਰੀ ਭਾਈਚਾਰੇ, ਪਿਆਰ ਤੇ ਨਵੀਆਂ ਕੀਮਤਾਂ ਬਾਰੇ ਹਨ। ਉਸ ਨੇ ਸਮੇਂ ਦੀਆਂ ਪਿਛਾਂਹ-ਖਿਚੂ ਰੀਤਾਂ ਨੂੰ ਭੰਡਿਆ ਹੈ। ਪ੍ਰੀਤ ਸੁਨੇਹਾ ਤੇ ਵਿਗਿਆਨਕ ਦ੍ਰਿਸ਼ਟੀਕੋਣ ਉਸਦੀ ਲੇਖਣੀ ਦੇ ਮਨਭਾਉਂਦੇ ਵਿਸ਼ੇ ਹਨ। ਉਸਦੀ ਸਮੁੱਚੀ ਸਾਹਿਤ ਸਿਰਜਣਾ 'ਪਿਆਰ ਕਬਜ਼ਾ ਨਹੀਂ, ਪਹਿਚਾਣ ਹੈ' ਦੇ ਸਿਧਾਂਤ ਦੁਆਲੇ ਘੁੰਮਦੀ ਹੈ। ਗੁਰਬਖਸ਼ ਸਿੰਘ ਸ਼ਬਦਾਂ ਦਾ ਜਾਦੂਗਰ ਹੈ। ਉਸਦੀ



http://www.gnduonline.com

http://www.gnduonline.com

ਕਾਵਿਮਈ ਵਾਰਤਕ ਸ਼ੈਲੀ ਦੀ ਰਵਾਨੀ ਨਾਲ ਪਾਠਕ ਵਗਦਾ ਤੁਰਿਆ ਜਾਂਦਾ ਹੈ। ਪੰਜਾਬੀ ਵਾਰਤਕ ਵਿੱਚ ਉਸਦਾ ਨਿਵੇਕਲਾ ਸਥਾਨ ਹੈ। ਉਸ ਦੇ ਲੇਖਾਂ ਦੀਆਂ ਪੁਸਤਕਾਂ ਜ਼ਿੰਦਗੀ ਦੀ ਰਾਸ, ਸੁਖਾਵੀਂ ਪੱਧਰੀ ਜ਼ਿੰਦਗੀ, ਸਵੈ-ਪੂਰਨਤਾ ਦੀ ਲਗਨ, ਨਵਾਂ ਸ਼ਿਵਾਲਾ, ਆਦਿ ਪ੍ਰਸਿੱਧ ਹਨ। ਉਪਰੋਕਤ ਸਾਰੇ ਅਧਿਐਨ ਦੇ ਆਧਾਰ ਤੇ ਮੈਂ ਇਸ ਸਿੱਟੇ ਤੇ ਪੁੱਜਦਾ ਹਾਂ ਕਿ ਆਪਣੇ ਤਜਰਬੇ ਦੀ ਵਿਸ਼ਾਲਤਾ ਤੇ ਲੇਖਣੀ ਦੀ ਤਾਕਤ ਨਾਲ ਕੋਈ ਲੇਖਕ ਪਾਠਕਾਂ ਦੇ ਦਿਲ ਜਿੱਤ ਸਕਦਾ ਹੈ। ਮੇਰੇ ਪਿਆਰੇ ਸਾਹਿਤਕਾਰ ਨੇ ਆਪਣੇ ਬਹੁਤ ਸਾਰੇ ਹੋਰ ਪਾਠਕਾਂ ਦੇ ਨਾਲ ਮੇਰਾ ਮਨ ਮੋਹਿਆ ਹੈ। ਉਸ ਦੀ ਹਰ ਇੱਕ ਨਵੀਂ ਰਚਨਾ ਬ੍ਰਹਿਮੰਡ ਦੀ ਵਿਚਿੱਤ੍ਰਤਾ ਉੱਤੇ ਰੋਸ਼ਨੀ ਪਾਉਂਦੀ ਹੈ। ਸਾਡੇ ਤਜਰਬੇ ਦੇ ਘੇਰੇ ਹੋਰ ਵਿਸ਼ਾਲ ਬਣਾਉਂਦੀ ਹੈ। ਅੰਤ ਵਿੱਚ ਮੈਂ ਕਹਿ ਸਕਦਾ ਹਾਂ ਕਿ ਉਹ ਮੇਰਾ ਹੀ ਨਹੀਂ, ਸਗੋਂ ਹੋਰ ਵੀ ਅਨੇਕਾਂ ਪਾਠਕਾਂ ਦਾ ਹਰਮਨ ਪਿਆਰਾ ਸਾਹਿਤਕਾਰ ਹੈ। ਉਸ ਦਾ ਨਾਂ ਪੰਜਾਬੀ ਦੇ ਸਾਹਿਤਕ ਗਗਨ ਵਿੱਚ ਚਮਕਦੇ ਚੰਦਰਮੇ ਦੇ ਸਮਾਨ ਹੈ।

(1) ਇਸ ਪੈਰ੍ਹੇ ਦੇ ਲੇਖਕ ਨੇ ਸਾਹਿਤਕ ਫੁਲਵਾੜੀ ਵਿੱਚੋਂ ਕਿਹੜਾ ਫੁੱਲ ਚੁਣਿਆ ਹੈ?

(2) ਗੁਰਬਖਸ਼ ਸਿੰਘ ਦਾ ਪ੍ਰੀਤ ਬਾਰੇ ਕੀ ਸਿਧਾਂਤ ਹੈ?

(3) ਗੁਰਬਖਸ਼ ਸਿੰਘ ਦੇ ਲੇਖਾਂ ਦੀਆਂ ਕੁਝ ਪ੍ਰਸਿੱਧ ਪੁਸਤਕਾਂ ਦੇ ਨਾਂ ਲਿਖੋ।

(4) ਉਪਰੋਕਤ ਪੈਰੇ ਦਾ ਢੁੱਕਵਾਂ ਸਿਰਲੇਖ ਦਿਉ।

(5) ਪੈਰੇ ਵਿੱਚ ਆਏ ਹੇਠ ਲਿਖੇ ਸ਼ਬਦਾਂ ਦੇ ਅਰਥ ਦੱਸੋ :

ਮਹਿਕ, ਵੰਨ-ਸੁਵੰਨੇ, ਆਧੁਨਿਕ, ਦ੍ਰਿਸ਼ਟੀਕੋਣ। 5

http://www.gnduonline.com



http://www.gnduonline.com

6. ਹੇਠ ਲਿਖੇ ਮੁਹਾਵਰੇ ਅਤੇ ਅਖਾਣਾਂ ਵਿੱਚੋਂ ਪੰਜ-ਪੰਜ ਨੂੰ ਵਾਕਾਂ ਵਿੱਚ ਵਰਤੋ :

ਮੁਹਾਵਰੇ : ਘਿਓ-ਸ਼ੱਕਰ ਹੋਣਾ, ਖੁਸ਼ਾਮਦ ਕਰਨੀ, ਇੱਟ ਨਾਲ ਇੱਟ ਖੜਕਾਉਣੀ, ਸੰਘ ਪਾੜ-ਪਾੜ ਕੇ ਕਹਿਣਾ, ਉਂਗਲਾਂ ਤੇ ਨਚਾਉਣਾ, ਮਿਰਚ ਲਾਉਣੀ, ਛੋਲੇ ਦੇ ਕੇ ਪੜ੍ਹਨਾ, ਟਸ ਤੋਂ ਮਸ ਨਾ ਹੋਣਾ।

ਅਖਾਣ : ਵਾਰਸ ਸ਼ਾਹ ਨਾ ਆਦਤਾਂ ਜਾਂਦੀਆਂ ਨੇ ਭਾਵੇਂ ਕੱਟੀਏ ਪੋਰੀਆਂ ਪੋਰੀਆਂ ਜੀ, ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆਂ ਤਤੁ, ਉਹ ਕਿਹੜੀ ਗਲੀ ਜਿੱਥੇ ਭਾਗੋ ਨਹੀਂ ਖਲੀ, ਕੁਤਾ ਰਾਜ ਬਹਾਲੀਐ ਫਿਰਿ ਚੱਕੀ ਚਟੈ, ਅੱਗੇ ਸੱਪ ਤੇ ਪਿੱਛੇ ਸੀਂਹ, ਜਿੰਨੇ ਮੂੰਹ ਉਹਨੀਆਂ ਗੱਲਾਂ, ਸੱਚੇ ਮਾਰਗ ਚੱਲਦਿਆਂ ਉਸਤਤ ਕਰੇ ਜਹਾਨ, ਸਰਫਾ ਕਰ ਕੇ ਸੁੱਤੀ ਆਟਾ ਖਾ ਗਈ ਕੁੱਤੀ। 5+5=10

http://www.gnduonline.com